ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ. ਏ. ਐਸ. ਨਗਰ।
( ਅਮਲਾ - 2 ਸ਼ਾਖਾ )

ਹੁਕਮ ਨੰ: 2/15-2018 ਅਮਲਾ-2(6)
ਮਿਤੀ 06.09.2018

ਮਿਸ ਸ਼ਸ਼ੀ ਬਾਲਾ ਪੁੱਤਰ ਸ੍ਰੀ ਮੇਹਰ ਸਿੰਘ ਵੱਲੋਂ (ਰਜਿਸਟਰੇਸ਼ਨ ਨੰ: 1710091) ਐਸ.ਸੀ.(ਆਰ ਐਂਡ ਓ) ਕੈਟਾਗਰੀ ਵਿੱਚ ਅਪਲਾਈ ਕੀਤਾ ਗਿਆ ਸੀ। ਪ੍ਰਾਰਥਣ ਦੇ ਅਧਿਆਪਕ ਯੋਗਤਾ ਟੈਸਟ ਵਿੱਚ 90 ਅੰਕ ਪ੍ਰਾਪਤ ਕੀਤੇ ਅਤੇ ਲਿਖਤੀ ਟੈਸਟ ਵਿੱਚ 68 ਅੰਕ ਪ੍ਰਾਪਤ ਕੀਤੇ ਸਨ। ਭਰਤੀ ਡਾਇਰੈਕਟੋਰੇਟ ਸਿੱਖਿਆ ਵਿਭਾਗ ਵੱਲੋਂ ਪੱਤਰ ਨੰ: 6/5-2017 ਭ.ਡ.(9) ਮਿਤੀ 22.06.2018 ਨੂੰ ਜਾਰੀ ਹੋਈ ਸਿਲੈਕਸ਼ਨ ਸੂਚੀ ਅਨੁਸਾਰ ਮਿਸ ਸ਼ਸ਼ੀ ਬਾਲਾ ਰਜਿਸਟਰੇਸ਼ਨ ਨੰ: 1710091 ਦਾ ਐਸ. ਸੀ. (ਆਰ.ਓ) ਦਾ ਸਰਟੀਫਿਕੇਟ ਆਪਣੀ ਕੈਟਾਗਰੀ ਵਿੱਚ ਸ਼ਰਤਾ ਪੂਰੀਆਂ ਨਾ ਕਰਦੇ ਹੋਏ ਉਸਦੀ ਪਾਤਰਤਾ ਓਪਨ ਮੈਰਿਟ ਵਿੱਚ ਯੋਗ ਕਰਾਰ ਦਰਜ ਕੀਤੀ ਗਈ ਜਿਸ ਅਨੁਸਾਰ ਉਸਦੀ ਨਿਯੁਕਤੀ ਬਤੌਰ ਸਾਇੰਸ ਮਿਸਟ੍ਰੈਸ ਇਸ ਦਫ਼ਤਰ ਦੇ ਹੁਕਮ ਨੰ: 2/15-2016 (ਸਾਇੰਸ 3582) ਅਮਲਾ-2(6) ਮਿਤੀ 26.07.2018 ਰਾਹੀਂ ਕਰਦੇ ਹੋਏ ਉਸਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਘੇਲਾ (ਜਲੰਧਰ) ਵਿਖੇ ਤੈਨਾਤ ਕੀਤਾ ਗਿਆ ਸੀ।

2.0 ਇਸ ਉਪਰੰਤ ਭਰਤੀ ਡਾਇਰੈਕਟੋਰੇਟ ਵੱਲੋਂ ਜਾਰੀ ਕੀਤੇ ਦੇ ਪੱਤਰ ਮਿਤੀ 06.09.2018 ਅਨੁਸਾਰ ਉਸਦੀ ਪਾਤਰਤਾ ਨੂੰ ਮੁੜ ਵਿਚਾਰਦੇ ਹੋਏ ਇਹ ਸਪਸ਼ਟ ਕੀਤਾ ਹੈ ਜੇ ਭਵਿੱਖ ਵਿੱਚ unreserved/ open category ਦੀ ਕੱਟ ਆਫ ਮੈਰਿਟ 68 ਹੁੰਦੀ ਹੈ ਤਾਂ ਉਮੀਦਵਾਰ ਦੀ ਮੈਰਿਟ ਵਿਚਾਰੀ ਜਾਣੀ ਬਣਦੀ ਹੈ। ਭਰਤੀ ਡਾਇਰੈਕਟੋਰੇਟ ਵੱਲੋਂ ਪ੍ਰਾਪਤ ਸਿਲੈਕਸ਼ਨ ਰਿਕਾਰਡ ਅਤੇ ਰਿਪੋਰਟ ਮਿਤੀ 06.09.2018 ਨੂੰ ਘੋਖਣ ਉਪਰੰਤ ਇਹ ਪਾਇਆ ਗਿਆ ਹੈ ਕਿ ਮਿਸ ਸ਼ਸ਼ੀ ਬਾਲਾ ਦੀ ਲਿਖਤੀ ਟੈਸਟ ਵਿੱਚ ਮੈਰਿਟ ਅੰਕ 68 ਹੈ ਜੋ ਕਿ ਓਪਨ ਕੈਟਾਗਰੀ ਦੀ ਲਿਖਤੀ ਟੈਸਟ ਦੀ ਕੱਟ ਆਫ ਮੈਰਿਟ ਦੇ ਮੈਰਿਟ ਅੰਕ 80 ਤੋਂ ਘੱਟ ਹੈ। ਕਿਉਂ ਜੋ ਮਿਸ ਸ਼ਸ਼ੀ ਬਾਲਾ ਦੀ ਪਾਤਰਤਾ ਐਸ.ਸੀ. (ਆਰ. ਐਂਡ ਓ) ਵਿੱਚ ਸ਼ਰਤਾ ਪੂਰੀਆਂ ਨਾ ਹੋਣ ਰਕੇ ਅਯੋਗ ਹਨ ਅਤੇ ਓਪਨ ਮੈਰਿਟ ਦੀ ਕੱਟ ਆਫ ਮੈਰਿਟ ਤੋਂ ਘੱਟ ਹੈ ਇਸ ਲਈ ਸਾਇੰਸ ਵਿਸ਼ੇ ਵਿੱਚ ਉਸਦੀ ਪਾਤਰਤਾ ਹਾਲ ਦੀ ਘੜੀ ਰੱਦ ਕਰਦੇ ਹੋਏ ਵਿਭਾਗ ਵੱਲੋਂ ਸ਼ਸ਼ੀ ਬਾਲਾ ਪੁੱਤਰੀ ਸ੍ਰੀ ਮੇਹਰ ਸਿੰਘ ਦੇ ਬਤੌਰ ਸਾਇੰਸ ਮਿਸਟ੍ਰੈਸ ਦੇ ਜਾਰੀ ਕੀਤੇ ਨਿਯੁਕਤੀ ਦੇ ਹੁਕਮ ਨੰ: 2/15-2016 (ਸਾਇੰਸ 3582) ਅਮਲਾ-2(6) ਮਿਤੀ 26.07.2018 ਤਤਕਾਲ ਸਮੇਂ ਤੋਂ ਵਾਪਿਸ ਲਏ ਜਾਂਦੇ ਹਨ।

ਸੁਖਜੀਤ ਪਾਲ ਸਿੰਘ, ਪੀ.ਸੀ.ਐਸ.
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ 13.9.2018

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਡਿਪਟੀ ਡਾਇਰੈਕਟਰ, ਭਰਤੀ ਡਾਇਰੈਕਟੋਰੇਟ ਬੋਰਡ, ਨੂੰ ਉਨ੍ਹਾਂ ਦੇ ਪੱਤਰ ਨੰ 6/5-2017 ਭ.ਡ.(9) 16.08.2018 ਅਤੇ 06.09.2018 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2) ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਜਲੰਧਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਬੰਧਤ ਸਕੂਲ ਅਤੇ ਉਮੀਦਵਾਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
3) ਮਿਸ ਸ਼ਸ਼ੀ ਬਾਲਾ, ਪੁੱਤਰੀ ਸ੍ਰੀ ਮੇਹਰ ਸਿੰਘ, ਮੁਹੱਲਾ ਭੰਡਾਰੀ, ਮੇਹਤਪੁਰ, ਨਕੋਦਰ (ਜਲੰਧਰ)।

ਸਹਾਇਕ ਡਾਇਰੈਕਟਰ (ਸ:ਪ੍ਰ:2)